ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

## ਹੁਕਮ

1.0 ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਫੰਡਾਂ ਅਧੀਨ ਸਕੂਲੀ ਬੱਚਿਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਸਬੰਧੀ ਜਾਰੀ ਹੋਏ ਪੱਤਰ ਨੰ: 11/15/2013-4ਸਿੱ6/869 ਮਿਤੀ 28.3.2013 ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

2.0 ਵਿਦਿਆਰਥਣਾਂ ਦੇ ਮਾਪਿਆਂ ਦੀ ਆਰਥਿਕ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਵਿਦਿਆਰਥਣਾਂ ਨੂੰ ਪੜ੍ਹਾਈ ਦੀ ਸਹੂਲਤ ਨਿਰਵਿਘਨ ਦੇਣ ਦੇ ਮਕਸਦ ਨਾਲ ਇਹ ਫੈਸਲਾ ਕੀਤਾ ਗਿਆ ਕਿ ਪਿੰਡਾਂ ਵਿੱਚ ਪੜ੍ਹਦੀਆਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 30% ਵਿਦਿਆਰਥਣਾਂ ਦੀ ਅਤੇ ਸ਼ਹਿਰੀ ਸਕੂਲਾਂ ਵਿੱਚ ਪੜ੍ਹਦੀਆਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 20% ਵਿਦਿਆਰਥਣਾਂ ਤੱਕ ਦੀ ਫੀਸ/ਫੰਡ ਮੁਆਫ ਕੀਤੀ ਜਾਣੀ ਹੈ। ਇਹ ਫੀਸ ਸਕੂਲ ਦੇ ਮੁੱਖੀ ਦੇ ਪੱਧਰ ਤੇ ਸਬੰਧਤ ਵਿਦਿਆਰਥਣ ਦੇ ਮਾਪਿਆਂ ਦੀ ਆਰਥਿਕ ਹਾਲਤ ਦੇ ਮੱਦੇਨਜ਼ਰ 100% ਤੱਕ ਮੁਆਫ ਕੀਤੀ ਜਾ ਸਕਦੀ ਹੈ। ਇਹ ਫੀਸ ਮੁਆਫੀ ਮੁੱਖ ਤੌਰ ਤੇ ਹੇਠ ਲਿਖੇ ਵਰਗਾਂ ਦੇ ਬੱਚਿਆਂ ਲਈ ਹੋਵੇਗੀ:-

ੳ. ਬੀ.ਪੀ.ਐਲ ਪਰਿਵਾਰਾਂ ਨਾਲ ਸਬੰਧਤ ਵਿਦਿਆਰਥਣਾਂ

ਅ. ਉਹ ਵਿਦਿਆਰਥਣਾਂ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ।

ੲ. ਉਹ ਵਿਦਿਆਰਥਣਾਂ ਜਿਨ੍ਹਾਂ ਦੇ ਮਾਪੇ ਬੇਜ਼ਮੀਨੇ ਮਜ਼ਦੂਰ ਅਤੇ ਕਿਸਾਨ ਹਨ (ਬਸ਼ਰਤੇ ਕਿ ਉਹ ਜੋ ਦੁਕਾਨ/ਵਪਾਰ ਵਗੈਰਾ ਨਾ ਕਰਦੇ ਹੋਣ)।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੱਤਰ ਨੰ: 11/15/2013-4ਸਿੱ6/869 ਮਿਤੀ 28.3.2013 ਵਿੱਚ ਦਰਸਾਏ ਗਏ ਫੰਡਾਂ ਤੋਂ ਇਲਾਵਾ ਵਿਦਿਆਰਥੀਆਂ/ਵਿਦਿਆਰਥਣਾਂ ਤੋਂ ਹੋਰ ਕੋਈ ਫੀਸ/ਫੰਡ ਨਹੀਂ ਲਿਆ ਜਾਣਾ ਹੈ।

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ

ਮਿਤੀ, ਚੰਡੀਗੜ੍ਹ: 16.4.2013

ਪਿੱਠ ਅੰਕਣ ਨੰ: 11/15/2013-4ਸਿੱ6/989 ਮਿਤੀ, ਚੰਡੀਗੜ੍ਹ: 16-4-13

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਸੂਚਨਾ ਅਤੇ ਵੈੱਬਸਾਈਟ ਤੇ ਪਾਉਣ ਵਾਸਤੇ।
2. ਡੀ.ਪੀ.ਆਈ (ਸੈ:ਸਿ:), ਪੰਜਾਬ, ਮੋਹਾਲੀ।
3. ਡੀ.ਪੀ.ਆਈ (ਐ:ਸਿ:), ਪੰਜਾਬ, ਮੋਹਾਲੀ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:), ਪੰਜਾਬ।
6. ਸਮੂਹ ਸਕੂਲ ਮੁੱਖੀ, ਪੰਜਾਬ।

ਵਧੀਕ ਸਕੱਤਰ ਸਕੂਲ ਸਿੱਖਿਆ

CC:-

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਮਾਨਯੋਗ ਮੁੱਖ ਸੰਸਦੀ ਸਕੱਤਰ, ਸਿੱਖਿਆ।
3. ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
4. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ।
5. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ।
6. ਨਿੱਜੀ ਸਹਾਇਕ/ਵਧੀਕ ਸਕੱਤਰ ਸਕੂਲ ਸਿੱਖਿਆ